# ਪੰਜਾਬ ਸਟੇਟ ਮਿਡ-ਡੇ-ਮੀਲ ਸੋਸਾਇਟੀ

ਪੰਜਾਬ ਸਕੂਲ ਐਜੂਕੇਸਨ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਜਿਲ੍ਹਾਂ ਐੱਸ.ਏ.ਐੱਸ ਨਗਰ, (ਮੋਹਾਲੀ)
ਫੋਨ ਨੰ: 0172-2210019, ਈ-ਮੇਲ:- mdmpunjab@punjabeducation.gov.in,

ਵੱਲ:

ਸਮੂਹ ਸਕੂਲ ਮੁੱਖੀ (ਨੋਟਿਸ ਬੋਰਡ ਰਾਂਹੀ/ਵੈਬਸਾਈਟ ਰਾਂਹੀ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),
ਪੰਜਾਬ।

ਮੀਮੋ ਨੰ: ਐਮ.ਡੀ.ਐਮ.ਐੱਸ/ਜੀ.ਐਮ/2024/ 100606
ਮਿਤੀ, ਮੋਹਾਲੀ 23 /04/2024/

ਵਿਸ਼ਾ:- PM-POSHAN (ਪੁਰਾਣਾ ਨਾਂ ਮਿਡ ਡੇ ਮੀਲ ਸਕੀਮ) ਸਕੀਮ ਅਧੀਨ ਜਾਰੀ ਫੰਡਾਂ ਦੀ ਲਿਮਿਟਾਂ ਦੀ ਵਰਤੋ ਸਮੇਂ PPA failure ਕਾਰਨ ਗਰਾਂਟ ਨਾ ਵਰਤੇ ਜਾਣ ਦੇ ਵੇਰਵੇ ਰਿਪੋਰਟ ਕਰਨ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਿਡ ਡੇ ਮੀਲ ਦੇ ਫੰਡਾਂ ਦੀ ਲਿਮਟਾਂ ਜੋ ਕਿ ਵਿੱਤੀ ਸਾਲ 2023-24 ਦੌਰਾਨ ਜਾਰੀ ਕੀਤੀਆਂ ਗਈਆਂ ਸਨ ਦੇ ਸਬੰਧ ਵਿੱਚ ਹੁਣ ਵਿੱਤੀ ਸਾਲ 2024-25 ਦੇ 22 ਦਿਨਾਂ ਬੀਤ ਜਾਣ ਉਪਰੰਤ ਕੁਝ ਸਕੂਲਾਂ ਵੱਲੋ ਸੂਚਿਤ ਕੀਤਾ ਜਾਂ ਰਿਹਾ ਹੈ ਕਿ ਉਹਨਾਂ ਵੱਲੋ ਜੋ ePA/PPA ਤਿਆਰ ਕੀਤੀਆਂ ਗਈਆਂ ਸਨ ਉਹ ਫੇਲ ਹੋ ਗਈਆਂ ਹਨ ਅਤੇ ਪੇਮੈਂਟ ਵੈਂਡਰ ਨੂੰ ਨਹੀ ਹੋ ਸਕੀ ਜਿਸ ਦੇ ਨਤੀਜੇ ਵੱਜੋ ਉਹਨਾਂ ਵੱਲੋ ਪੀ.ਪੀ.ਏ ਬਣਾ ਲੈਣ ਉਪਰੰਤ ਵੀ ਇਹ ਰਾਸ਼ੀ ਅਣਵਰਤੀ ਹੀ ਰਹਿ ਗਈ।

1.0 ਉਕਤ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਸਕੂਲ ਜਾਂ ਬਲਾਕ ਜਾਂ ਜਿਲ੍ਹਾ ਪੱਧਰ ਤੇ ਮਹੀਨਾ ਮਾਰਚ ਦੌਰਾਨ ਪੀ.ਪੀ.ਏ ਤਿਆਰ ਕਰਨ ਉਪਰੰਤ ਪੀ.ਪੀ.ਏ Failure ਦੇ ਕਾਰਨ ਉਹ ਫੰਡ ਅਣਵਰਤੇ ਹੀ ਰਹਿ ਗਈ ਹੋਣ ਉਸ ਸਬੰਧੀ ਆਪਣੇ ਲਾਗਇੰਨ ਵਿੱਚ ਜਾਂ ਕੇ Reports ਵਾਲੇ ਲਿੰਕ ਤੇ EP-04 ਰਿਪੋਰਟ ਅਨੁਸਾਰ ਪੀ.ਪੀ.ਏ ਨੰਬਰ ਪਾ ਕੇ ਚੈੱਕ ਕਰ ਲਿਆ ਜਾਵੇ ਕਿ ਉਹਨਾਂ ਵੱਲੋ ਜੋ ਪੀ.ਪੀ.ਏ ਤਿਆਰ ਕਰਕੇ ਕਿਸੇ ਵੀ ਵੈਂਡਰ ਨੂੰ ਅਦਾਇਗੀ ਕੀਤੀ ਗਈ ਹੈ ਉਹ ਕਿਤੇ ਫੇਲ ਤਾਂ ਨਹੀ ਹੋਈ ਕਿਉਂਕਿ ਫੇਲ ਹੋਣ ਦਾ ਮਤਲਬ ਹੈ ਕਿ ਇਹ ਰਾਸ਼ੀ ਅਣਵਰਤੀ ਹੀ ਰਹਿ ਗਈ ਹੈ ਅਤੇ ਉਸ ਸਬੰਧੀ ਸਕੂਲ ਮੁੱਖੀ ਨੂੰ ਹਦਾਇਤੀ ਕੀਤੀ ਜਾਂਦੀ ਹੈ ਕਿ ਪੱਤਰ ਸਮੇਤ ਵੇਰਵੇ ਅਤੇ ਆਪਣੇ Zero Balance ਖਾਤੇ ਦੀ ਕੈਨਰਾ ਬੈਂਕ ਦੀ ਸਟੇਟਮੈਂਟ ਨਾਲ ਲਗਾ ਕੇ ਮੁੱਖ ਦਫਤਰ ਨੂੰ ਮਿਤੀ 26-04-2024 ਤੱਕ ਹਰ ਹਾਲ ਵਿੱਚ ਭੇਜਣੀ ਯਕੀਨੀ ਬਣਾਉਣਗੇ, ਮਿਤੀ 26-04-2024 ਤੋ ਬਾਅਦ ਇਹੋ ਜਿਹਾ ਕੋਈ ਵੀ ਕੇਸ ਵਿਚਾਰਿਆਂ ਨਹੀ

ਜਾਵੇਗਾ ਅਤੇ ਸਕੂਲ ਮੁੱਖੀ ਅਤੇ ਮਿਡ ਡੇ ਮੀਲ ਇੰਚਾਰਜ ਦੋਨਾਂ ਦੀ ਬਰਾਬਰ ਤੋਰ ਤੇ ਨਿੱਜੀ ਜਿੰਮੇਵਾਰੀ ਫਿਕਸ ਸਮਝੀ ਜਾਵੇਗੀ।

2.0 ਜੇਕਰ ਕਿਸੇ ਵੀ ਸਕੂਲ, ਬਲਾਕਾ ਜਾਂ ਫਿਰ ਜਿਲ੍ਹਾ ਪੱਧਰ ਤੇ ਪੂਰੇ ਵਿੱਤੀ ਸਾਲ 2023-24 ਦੌਰਾਨ ਕਿਸੇ ਵੀ ਤਕਨੀਕੀ ਕਾਰਨ ਕਰਕੇ ਕੋਈ ਰਾਸ਼ੀ ਲੈਪਸ ਹੋ ਗਈ ਹੋਵੇ, ਜਾਂ ਫਿਰ ਪੀ.ਪੀ.ਏ ਫੇਲ ਹੋਣ ਕਾਰਨ ਲਿਮਿਟ ਹੀ ਲਾਗਇੰਨ ਵਿੱਚ ਵਾਪਿਸ ਨਹੀ ਆਈ ਜਾਂ ਫਿਰ ਕਿਸੇ ਵੀ ਤਰਾਂ ਦੀ ਕੋਈ PFMS Portal ਦੇ ਸਬੰਧ ਵਿੱਚ ਸਮੱਸ਼ਿਆ ਪੈਂਡਿੰਗ ਹੀ ਖੜ੍ਹੀ ਹੋਵੇ ਤਾਂ ਇਸ ਸਬੰਧੀ ਪੂਰੇ ਵੇਰਵੇ ਸਪੱਸ਼ਟ ਕਰਦੇ ਹੋਏ ਅਤੇ ਸਬੰਧਤ ਮਿਡ ਡੇ ਮੀਲ ਇੰਚਾਰਜ ਦਾ ਮੋਬਾਇਲ ਨੰ. ਅਤੇ ਨਾਂ ਦਰਜ ਕਰਦੇ ਹੋਏ ਮੁੱਖ ਦਫਤਰ ਨੂੰ ਤੁਰੰਤ ਲਿਖਿਆਂ ਜਾਵੇ, ਕਿਉਂਕਿ ਇਸ ਸਬੰਧ ਵਿੱਚ ਮਿਤੀ 30-04-2024 ਤੋ ਬਾਅਦ ਕੋਈ ਵੀ ਪੱਤਰ ਵਿਚਾਰਿਆਂ ਨਹੀ ਜਾਵੇਗਾ, ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਆਪਣੇ ਸਬੰਧਤ ਬਲਾਕ ਨੂੰ ਪੱਤਰ ਲਿਖੇਗਾ ਅਤੇ ਬਲਾਕ ਤੇ ਬੀ.ਪੀ.ਈ.ਓ ਆਪਣੇ ਪੱਤਰ ਰਾਂਹੀ ਜਿਲ੍ਹੇ ਨੂੰ ਸੂਚਿਤ ਕਰੇਗਾ ਅਤੇ ਜਿਲ੍ਹਾ ਪੱਧਰ ਤੇ ਤੈਨਾਤ ਡਾਟਾ ਐਟਰੀ ਅਪਰੇਟਰ, ਮਿਡ਼ ਡੇ ਮੀਲ ਜਿਲ੍ਹਾ ਲੇਖਾਕਾਰ ਨਾਲ ਰਾਬਤਾ ਕਾਇਮ ਕਰਦੇ ਹੋਏ ਇਸ ਸਬੰਧੀ ਮੁੱਖ ਦਫਤਰ ਨੂੰ ਸੂਚਿਤ ਕਰਨਾ ਯਕੀਨੀ ਬਣਾਉਣਗੇ, ਸਿੱਧੇ ਤੋਰ ਤੇ ਮੁੱਖ ਦਫਤਰ ਨੂੰ ਭੇਜਿਆ ਪੱਤਰ ਵਿਚਾਰਨਯੋਗ ਨਹੀ ਹੋਵੇਗਾ।

3.0 ਉਕਤ ਕੰਮ ਸਮਾਂਬੱਧ ਹੈ ਅਤੇ ਨਿਸ਼ਚਿਤ ਮਿਤੀ ਤੋ ਬਾਅਦ ਵਿਚਾਰਨਯੋਗ ਨਹੀ ਹੈ ਇਸ ਲਈ ਇਸ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਤਰਾਂ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜਨਰਲ ਮੈਨੇਜਰ

ਪਿ.ਅੰ.ਨੰ ਐਮ.ਡੀ.ਐਮ.ਐੱਸ/ਜੀ.ਐਮ/2024/ 100607 ਮਿਤੀ: 23/04/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

(1) ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ।

(2) ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।

(3) ਸਮੂਹ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।

(2) ਸਮੂਹ ਜਿਲ੍ਹਾ ਲੇਖਾਕਾਰ, ਮਿਡ ਡੇ ਮੀਲ, ਪੰਜਾਬ ਨੂੰ ਸਮੂਹ ਨੂੰ ਸੂਚਿਤ ਕਰਨ ਹਿੱਤ।

(3) ਸਮੂਹ ਬੀ.ਪੀ.ਈ.ਓਜ਼ ਅਤੇ ਬਲਾਕ ਮਿਡ ਡੇ ਮੀਲ ਇੰਚਾਰਜ ਨੂੰ ਸਮੂਹ ਸਕੂਲਾਂ ਨੂੰ ਸੂਚਿਤ ਕਰਨ ਅਤੇ ਸਮੇਂ ਸਿਰ ਸੂਚਨਾ ਮੁੱਖ ਦਫਤਰ ਨੂੰ ਭਿਜਵਾਉਣ ਸਬੰਧੀ।

ਜਨਰਲ ਮੈਨੇਜਰ